
ਯਿਸੂ ਦੀ ਸੇਵਕਾਈ ਦੌਰਾਨ
ਫ਼ਲਿਸਤੀਨ
ਸੀਰੀਆ
ਸੈਦਾ
ਹਰਮੋਨ ਪਹਾੜ
ਫ਼ੀਨੀਕੇ
ਸੂਰ
ਕੈਸਰੀਆ ਫ਼ਿਲਿੱਪੀ
ਗਲੀਲ
ਬਾਸ਼ਾਨ ਜ਼ਿਲ੍ਹਾ
ਬੈਤਸੈਦਾ?
ਬੈਤਸੈਦਾ–ਯੂਲੀਅਸ
ਕਫ਼ਰਨਾਹੂਮ
ਗਲੀਲ ਦੀ ਝੀਲ
ਮਗਦਾਨ
ਗਰਗੇਸਾ
ਤਿਬਰਿਆਸ
ਨਾਸਰਤ
ਦਿਕਾਪੁਲਿਸ
ਮਹਾਂਸਾਗਰ
ਸਾਮਰੀਆ
ਯਰਦਨ ਦਰਿਆ
ਪਿਰੀਆ
ਯਰੂਸ਼ਲਮ
ਯਹੂਦੀਆ
ਖਾਰਾ ਸਮੁੰਦਰ
ਮਕੇਰਸ

# ਯਿਸੂ ਦੇ ਮੋਅਜਜ਼ੇ

| | ਮੱਤੀ | ਮਰਕੁਸ | ਲੂਕਾ | ਯੂਹੰਨਾ |
|---|---|---|---|---|
| ਪਾਣੀ ਦੀ ਮੈ ਬਣਾਉਣਾ | | | | 2:1–11 |
| ਕਫ਼ਰਨਾਹੂਮ ਵਿਚ ਬਦਰੂਹ ਕੱਢਣਾ | | 1:23–26 | 4:33–35 | |
| ਪਤਰਸ ਦੀ ਸੱਸ ਨੂੰ ਚੰਗਿਆਂ ਕਰਨਾ | 8:14–17 | 1:29–31 | 4:38, 39 | |
| ਮੋਅਜਜ਼ੇ ਰਾਹੀਂ ਮੱਛੀਆਂ ਫੜਨਾ | | | 5:1–11 | |
| ਇਕ ਕੋੜ੍ਹੀ ਨੂੰ ਚੰਗਿਆਂ ਕਰਨਾ | 8:2–4 | 1:40–45 | 5:12–16 | |
| ਅਧਰੰਗੀ ਨੂੰ ਚੰਗਿਆਂ ਕਰਨਾ | 9:1–8 | 2:1–12 | 5:17–26 | |
| ਸੁੱਕੇ ਹੱਥ ਵਾਲੇ ਨੂੰ ਚੰਗਿਆਂ ਕਰਨਾ | 12:10–13 | 3:1–5 | 6:6–11 | |
| ਸੂਬੇਦਾਰ ਦੇ ਨੌਕਰ ਨੂੰ ਚੰਗਿਆਂ ਕਰਨਾ | 8:5–13 | | 7:1–10 | |
| ਵਿਧਵਾ ਦੇ ਪੁੱਤਰ ਨੂੰ ਜਿਵਾਉਣਾ | | | 7:11–17 | |
| ਤੁਫ਼ਾਨ ਨੂੰ ਥੰਮ੍ਹਣਾ | 8:23–27 | 4:37–41 | 8:22–25 | |
| ਬਦਰੂਹਾਂ ਦੇ ਸ਼ਿਕਾਰ ਗਦਰੀਨੀ ਨੂੰ ਚੰਗਿਆਂ ਕਰਨਾ | 8:28–34 | 5:1–20 | 8:26–39 | |
| ਖ਼ੂਨ ਪੈਣ ਵਾਲੀ ਔਰਤ ਨੂੰ ਅਤੇ ਲਾਜ਼ਰ ਦੀ ਬੇਟੀ ਨੂੰ ਚੰਗਿਆਂ ਕਰਨਾ | 9:18–26 | 5:21–43 | 8:40–56 | |
| ਦੋ ਅੰਨ੍ਹਿਆਂ ਨੂੰ ਚੰਗਿਆਂ ਕਰਨਾ | 9:27–31 | | | |
| ਇਕ ਗੁੰਗੇ ਨੂੰ ਚੰਗਿਆਂ ਕਰਨਾ | 9:32, 33 | | | |
| ਮੁਸਾਹਿਬ ਦੇ ਪੁੱਤਰ ਨੂੰ ਚੰਗਿਆਂ ਕਰਨਾ | | | | 4:46–54 |
| ਇਕ ਲੰਗੜੇ ਨੂੰ ਚੰਗਿਆਂ ਕਰਨਾ | | | | 5:1–9 |
| ਪੰਜ ਹਜ਼ਾਰ ਨੂੰ ਖੁਆਉਣਾ | 14:15–21 | 6:35–44 | 9:10–17[1] | 6:1–14 |
| ਪਾਣੀ ਤੇ ਚੱਲਣਾ | 14:25–33 | 6:48–52 | | 6:16–21 |

| | | | | |
|---|---|---|---|---|
| ਚਾਰ ਹਜ਼ਾਰ ਨੂੰ ਖੁਆਉਣਾ | 15:32–39 | 8:1–9 | | |
| ਮੱਛੀ ਦੇ ਮੂੰਹ ਵਿੱਚੋਂ ਸਿੱਕਾ ਕੱਢ ਕੇ ਮਸੂਲ ਚੁਕਾਉਣਾ | 17:24–27 | | | |
| ਇਕ ਭੂਤ ਨੂੰ ਕੱਢਣਾ | 12:22, 23 | | 11:14 | |
| ਕਨਾਨੀ ਔਰਤ ਦੀ ਬੇਟੀ ਨੂੰ ਚੰਗਿਆਂ ਕਰਨਾ | 15:21–28 | 7:24–30 | | |
| ਇਕ ਬੋਲ਼ੇ ਨੂੰ ਚੰਗਿਆਂ ਕਰਨਾ | | 7:31–37 | | |
| ਇਕ ਅੰਨ੍ਹੇ ਨੂੰ ਚੰਗਿਆਂ ਕਰਨਾ | | 8:22–26 | | |
| ਭੂਤ ਚੰਬੜੇ ਮੁੰਡੇ ਨੂੰ ਚੰਗਿਆਂ ਕਰਨਾ | 17:14–18 | 9:14–29 | 9:37–43 | |
| ਇਕ ਕੁਬੜੀ ਔਰਤ ਨੂੰ ਚੰਗਿਆਂ ਕਰਨਾ | | | 13:11–17 | |
| ਇਕ ਜਲੋਧਰੀ ਰੋਗੀ ਨੂੰ ਚੰਗਿਆਂ ਕਰਨਾ | | | 14:1–6 | |
| ਦਸ ਕੋੜ੍ਹਿਆਂ ਨੂੰ ਚੰਗਿਆਂ ਕਰਨਾ | | | 17:11–19 | |
| ਅੰਨ੍ਹੇ ਜੰਮੇ ਇਕ ਆਦਮੀ ਨੂੰ ਨੂੰ ਚੰਗਿਆਂ ਕਰਨਾ | | | | 9:1–7 |
| ਲਾਜ਼ਰ ਨੂੰ ਜ਼ਿੰਦਾ ਕਰਨਾ | | | | 11:1–45 |
| ਦੋ ਅੰਨ੍ਹਿਆਂ ਨੂੰ ਚੰਗਿਆਂ ਕਰਨਾ | 20:29–34 | 10:46–52 | 18:35–43 | |
| ਅੰਜੀਰ ਦੇ ਰੁੱਖ ਨੂੰ ਸਰਾਪ ਦੇਣਾ | 21:18–22 | 11:12–14 | | |
| ਮਲਖੁਸ ਦਾ ਕੰਨ ਜੋੜਨਾ | | | 22:50, 51 | |
| ਮੋਅਜਜ਼ੇ ਰਾਹੀਂ ਮੱਛੀਆਂ ਫੜਨਾ | | | | 21:1–14 |

# ਜਦ ਫ਼ਰੀਸੀਆਂ ਨੇਂ ਠੋਕਰ ਖਾਧੀ
## ਮੱਤੀ 15:12-14

ਯਿਸੂ ਨੇ ਫ਼ਰੀਸੀਆਂ ਨੂੰ ਦੱਸਿਆ ਕਿ ਉਨ੍ਹਾਂ ਨੇ ਆਪਣੀ ਰਵਾਇਤ ਨਾਲ ਖ਼ੁਦਾ ਦੇ ਹੁਕਮ ਨੂੰ ਨਕਾਰ ਦਿੱਤਾ ਸੀ (ਮੱਤੀ 15:3–6)। ਉਹਨੇ ਉਨ੍ਹਾਂ ਨੂੰ ਉਹ ''ਕਪਟੀ'' ਦੱਸਿਆ ਜਿਨ੍ਹਾਂ ਦੀ ਯਸਾਯਾਹ ਨਬੀ ਨੇ ਨਿੰਦਿਆ ਕੀਤੀ ਸੀ (ਮੱਤੀ 15:7–9)। ਬਾਅਦ ਵਿਚ ਜਦ ਉਹ ਅਤੇ ਉਸ ਦੇ ਚੇਲੇ ਭੀੜ ਵਿੱਚੋਂ ਚਲੇ ਗਏ (ਮਰਕੁਸ 7:17) ਤਾਂ ਉਨ੍ਹਾਂ ਨੇ ਉਸ ਤੋਂ ਪੁੱਛਿਆ, ''ਤੈਨੂੰ ਮਲੂਮ ਹੈ ਜੋ ਫ਼ਰੀਸੀਆਂ ਨੇ ਇਹ ਸੁਣ ਕੇ ਠੋਕਰ ਖਾਧੀ?'' (ਮੱਤੀ 15:12)। ਮੈਂ ਕਲਪਨਾ ਕਰਦਾ ਹਾਂ ਕਿ ਇਹ ਇਕ ਘੱਟ–ਬਿਆਨੀ ਸੀ, ਕਿਉਂਕਿ ਧਾਰਮਿਕ ਆਗੂ ਗੁੱਸੇ ਵਿਚ ਹੋਣਗੇ!

ਬਾਈਬਲ ਦੱਸਦੀ ਹੈ ਕਿ ਸਾਨੂੰ ਆਮ ਤੌਰ ਤੇ ਦੂਜਿਆਂ ਨੂੰ ਠੋਕਰ ਦੇਣ ਤੋਂ ਬਚਣਾ ਚਾਹੀਦਾ ਹੈ (ਵੇਖੋ ਮੱਤੀ 17:27; 18:6; ਰੋਮੀਆਂ 14:21; 1 ਕੁਰਿੰਥੀਆਂ 8:13)।[1] ਪਰ ਕਈ ਵਾਰ ਜਿਵੇਂ ਯਹੂਦੀਆਂ ਨੇ ਯਿਸੂ ਦੀ ਗੱਲ ਨੂੰ ਲਿਆ ਉਵੇਂ ਹੀ ਸਾਡੇ ਕੁਝ ਕਹਿਣ ਜਾਂ ਕਰਨ ਨਾਲ ਲੋਕਾਂ ਨੂੰ ਠੋਕਰ ਲਗ ਹੀ ਜਾਵੇਗੀ (ਮੱਤੀ 13:57; ਮਰਕੁਸ 6:3)। ਇਹ ਜਾਣਦੇ ਹੋਏ ਕਿ ਮਨੁੱਖ ਦੇ ਮਨ ਵਿਚ ਕੀ ਹੈ (ਯੂਹੰਨਾ 2:24, 25), ਯਿਸੂ ਨੇ ਫ਼ਰੀਸੀਆਂ ਦੇ ਮਨ ਨੂੰ ਵੇਖ ਲਿਆ ਅਤੇ ਸਮਝ ਲਿਆ ਸੀ ਕਿ ਉਨ੍ਹਾਂ ਦੀ ਨਫ਼ਰਤ ਘੱਟ ਨਹੀਂ ਹੋਵੇਗੀ। ਉਨ੍ਹਾਂ ਨੂੰ ਕਹੀਆਂ ਗੱਲਾਂ ਸੁਣਨ ਵਾਲਿਆਂ ਦੇ ਫ਼ਾਇਦੇ ਲਈ ਸਨ, ਜਿਸ ਨਾਲ ਉਨ੍ਹਾਂ ਕਪਟੀ ਗੁਰੂਆਂ ਦੇ ਪ੍ਰਭਾਵ ਤੋਂ ਲੋਕ ਖਬਰਦਾਰ ਹੋ ਜਾਣ (ਮੱਤੀ 16:6, 12)। ਭਲਾ ਯਿਸੂ ਦੀ ਸਾਫ਼ਗੋਈ ਸਾਨੂੰ ਸਿੱਖਿਆ ਵਿਚ ਠੋਕਰ ਖੁਆਉਣ ਵਾਲੇ ਹੋਣ ਦਾ ਹੱਕ ਦਿੰਦੀ ਹੈ? ਨਹੀਂ, ਤੁਸੀਂ ਅਤੇ ਮੈਂ ਲੋਕਾਂ ਦੇ ਮਨਾਂ ਨੂੰ ਨਾ ਤਾਂ *ਜਾਣਦੇ ਹਾਂ* ਅਤੇ ਨਾ ਜਾਣ *ਸਕਦੇ ਹਾਂ।* ਸਾਨੂੰ ਲੋਕਾਂ ਨਾਲ ''*ਪ੍ਰੇਮ ਨਾਲ* ਸੱਚ ਕਮਾਉਂਦਿਆ ਹੋਇਆਂ'' ਬੋਲਣ ਦੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ (ਅਫ਼ਸੀਆਂ 4:15)।

ਮਸੀਹ ਨੂੰ ਫ਼ਰੀਸੀਆਂ ਦੇ ਠੋਕਰ ਖਾਣ ਦੀ ਬਹੁਤ ਪਰਵਾਹ ਨਹੀਂ ਹੋਵੇਗੀ, ਪਰ ਚੇਲਿਆਂ ਨੂੰ ਸੀ। ਉਨ੍ਹਾਂ ਨੂੰ ਸ਼ੁਰੂ ਤੋਂ ਹੀ ਆਪਣੇ ਵਿਦਵਾਨਾਂ ਦਾ ਮਾਣ ਕਰਨਾ ਸਿਖਾਇਆ ਗਿਆ ਸੀ। ਇਸਦੇ ਇਲਾਵਾ ਉਨ੍ਹਾਂ ਨੂੰ ਪਤਾ ਸੀ ਕਿ ਇਨ੍ਹਾਂ ਆਗੂਆਂ ਦਾ ਕਿੰਨਾ ਅਸਰ ਸੀ ਅਤੇ ਜੇ ਉਨ੍ਹਾਂ ਦਾ ਵਿਰੋਧ ਕਰਦੇ ਰਹਿੰਦੇ ਹਨ ਤਾਂ ਇਸ ਨਾਲ ਪ੍ਰਭੂ ਅਤੇ ਉਨ੍ਹਾਂ ਲਈ ਕਿੰਨੇ ਖਤਰਨਾਕ ਨਤੀਜੇ ਹੋ ਸਕਦੇ ਹਨ।

ਪ੍ਰਭੂ ਨੇ ਆਪਣੇ ਚੇਲਿਆਂ ਨੂੰ ਤਸੱਲੀ ਦੇਣ ਵਿਚ ਫੁਰਤੀ ਕੀਤੀ। ਉਸ ਨੇ ਕਿਹਾ, ''ਹਰੇਕ ਬੂਟਾ ਜੋ ਮੇਰੇ ਸੁਰਗੀ ਪਿਤਾ ਨੇ ਨਹੀਂ ਲਾਇਆ ਸੋ ਜੜ੍ਹੋਂ ਪੁੱਟਿਆ ਜਾਵੇਗਾ'' (ਮੱਤੀ 15:13)। ਭਲਾ ''ਬੂਟਾ'' ਫ਼ਰੀਸੀਆਂ ਸਿਖਾਈਆਂ ਗਈਆਂ ਮਨੁੱਖਾਂ ਦੀਆਂ ਰੀਤਾਂ, ਉਸ ਸਿੱਖਿਆ ਨੂੰ ਦੇਣ ਵਾਲਿਆਂ ਜਾਂ ਉਨ੍ਹਾਂ ਦੀਆਂ ਸਿੱਖਿਆਵਾਂ ਦੇ ਅਧਾਰ ਤੇ ਫ਼ਰੀਸੀਆਂ ਦੇ ਪ੍ਰਬੰਧ ਨੂੰ ਕਿਹਾ ਗਿਆ ਸੀ? ਇਸ ਦਾ ਸਹੀ ਜਵਾਬ ਹੈ, ''ਸਭ ਦੇ ਲਈ।'' ਖ਼ੁਦਾ ਨੇ ਸ਼ਰ੍ਹਾ ਦੀਆਂ ਸਿੱਖਿਆਵਾਂ ਦਾ ''ਬੂਟਾ ਲਾਇਆ'' ਸੀ, ਪਰ ਉਸਨੇ ਫ਼ਰੀਸੀਆਂ ਦੀਆਂ ਰੀਤਾਂ ਦਾ ''ਬੂਟਾ'' ਨਹੀਂ ਲਾਇਆ ਸੀ। ਇਸੇ ਤਰ੍ਹਾਂ ਬਾਗ ਵਿਚ ਜੰਗਲੀ ਬੂਟੀ ਨੇ ਚੰਗੇ ਬੂਟਿਆਂ ਨੂੰ ਦਬਾ ਲਿਆ ਸੀ, ਸੋ ਮਨੁੱਖਾਂ ਦੀਆਂ ਰੀਤਾਂ ਲੋਕਾਂ ਦੇ ਮਨਾਂ ਅਤੇ ਜ਼ਿੰਦਗੀਆਂ ਵਿੱਚੋਂ ਵਚਨ ਨੂੰ ਚੁਰਾ ਲੈਂਦੀਆਂ ਸਨ (ਮੱਤੀ 15:3, 6, 9)। ਜਿਵੇਂ ਇਕ ਹੁਸ਼ਿਆਰ ਮਾਲੀ ਆਪਣੇ ਬਾਗ ਵਿੱਚੋਂ ਜੰਗਲੀ ਬੂਟੀ ਕੱਢ ਦਿੰਦਾ ਹੈ, ਉਵੇਂ ਹੀ, ਅਖ਼ੀਰ ਵਿਚ ਖ਼ੁਦਾ ਝੂਠੇ ਗੁਰੂਆਂ ਅਤੇ ਝੂਠੀਆਂ ਸਿੱਖਿਆਵਾਂ ਨੂੰ ਜੜ੍ਹੋਂ ਪੁੱਟ ਸੁੱਟੇਗਾ।

ਇਸ ਤਰ੍ਹਾਂ ਮਸੀਹ ਨੇ ਆਪਣੇ ਪਰੇਸ਼ਾਨ ਰਸੂਲਾਂ ਨੂੰ ਆਖਿਆ, ''ਉਨ੍ਹਾਂ *[ਫ਼ਰੀਸੀਆਂ]* ਨੂੰ ਜਾਣ ਦਿਓ'' (ਮੱਤੀ 15:14)। ਉਹ ਇਹ ਨਹੀਂ ਸਿਖਾ ਰਿਹਾ ਸੀ ਕਿ ਉਹ ਉਨ੍ਹਾਂ ਦੇ ਚੇਲਿਆਂ ਨੂੰ ਦਿੱਤੀ ਜਾਣ ਵਾਲੀ ਗਲਤ ਸਿੱਖਿਆ ਨੂੰ ਕਦੇ ਚੁਣੌਤੀ ਨਾ ਦੇਣ ਅਤੇ ਉਨ੍ਹਾਂ ਦੀ ਗਲਤ ਸਿਖਿਆ ਨੂੰ ਸਾਹਮਣੇ ਨਾ ਲਿਆਉਣ ਦੇ ਅਰਥ ਵਿਚ ''ਜਾਣ ਦੇਣ।'' ਇਸ ਨਾਲ ਤਾਂ ਉਸ ਦੀਆਂ ਆਪਣੀਆਂ ਗੱਲਾਂ ਹੀ ਉਹਦੇ ਕੰਮ ਦੇ ਖਿਲਾਫ਼ ਹੋ ਜਾਂਦੀਆਂ (ਵੇਖੋ ਮੱਤੀ 23), ਬਲਕਿ ਉਹ ਤਾਂ ਆਖ ਰਿਹਾ ਸੀ ਕਿ ''ਉਨ੍ਹਾਂ ਦੇ ਗੁੱਸੇ ਵੱਲ ਧਿਆਨ ਨਾ ਦਿਓ।''[2] ਦ ਲਿਵਿੰਗ ਬਾਈਬਲ ਦਾ ਅਨੁਵਾਦ ''ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਦਿਓ'' ਹੈ।

ਯਿਸੂ ਨੇ ਉਨ੍ਹਾਂ ਫ਼ਰੀਸੀਆਂ ਦੇ ਗੁੱਸੇ ਤੋਂ ਖ਼ੌਫ਼ ਨਾ ਖਾਣ ਦਾ ਇਕ ਕਾਰਣ ਦਿੱਤਾ ਸੀ ਕਿ ਅਖ਼ੀਰ ਖ਼ੁਦਾ ਨੇ ਉਨ੍ਹਾਂ ਨੂੰ ਸੰਭਾਲ ਲੈਣਾ ਸੀ। ਹੁਣ ਉਸ ਨੇ ਉਨ੍ਹਾਂ ਨੂੰ ਇਕ ਹੋਰ ਕਾਰਣ ਦੱਸਿਆ ਕਿ ''ਉਹ ਅੰਨ੍ਹੇ ਆਗੂ ਹਨ,[3] ਅਤੇ ਜੇ ਅੰਨ੍ਹਾ ਅੰਨ੍ਹੇ ਦਾ ਆਗੂ ਹੋਵੇ ਤਾਂ ਦੋਵੇਂ[4] ਟੋਏ ਵਿਚ ਡਿੱਗਣਗੇ'' (ਮੱਤੀ 15:14)। ਫ਼ਰੀਸੀ ਲੋਕ ਮੁਤਅੱਸਬ ਅਤੇ ਆਕੜ ਅਤੇ ਖ਼ੁਦਗਰਜ਼ੀ ਨਾਲ ਅੰਨ੍ਹੇ ਹੋ ਗਏ ਸਨ। ਅਖ਼ੀਰ ਉਨ੍ਹਾਂ ਦਾ ਅੰਨ੍ਹਾਪਣ ਉਨ੍ਹਾਂ ਦੀ ਹੀ ਬਰਬਾਦੀ ਦਾ ਕਾਰਣ ਬਣਨਾ ਸੀ।

ਇਕ ਅਰਥ ਵਿਚ ਮਸੀਹ ਆਪਣੇ ਚੇਲਿਆਂ ਨੂੰ ਦੱਸ ਰਿਹਾ ਸੀ ਕਿ ਉਹ ''ਸੁੱਕ ਰਹੇ ਬੂਟੇ'' ਅਤੇ ''ਅੰਨ੍ਹੇ ਆਗੂਆਂ'' ਨੂੰ ਸਚਿਆਈ ਤੇ ਚੱਲਣ ਅਤੇ ਸਹੀ ਸਿੱਖਿਆ ਦੇਣ ਵਿਚ ਰੁਕਾਵਟ ਨਾ ਬਣਨ ਦੇਣ। ਇਹੀ ਸਿੱਖਿਆ ਸਾਡੇ ਵਾਸਤੇ ਵੀ ਹੈ ਕਿ ਸਾਨੂੰ ਦੁਸ਼ਮਣ ਬਣਾਉਣ ਲਈ ਆਪਣੇ ਰਾਹ ਤੋਂ ਭਟਕਣਾ ਨਹੀਂ ਚਾਹੀਦਾ, ਪਰ ਵਿਰੋਧ ਨੂੰ ਸਾਨੂੰ ਨਿਰਾਸ਼ ਹੋਣ ਦੀ ਇਜਾਜ਼ਤ ਵੀ ਨਹੀਂ ਦੇਣੀ ਚਾਹੀਦੀ।

---

ਟਿੱਪਣੀਆਂ

[1]ਯੂਨਾਨੀ ਸ਼ਬਦ ਦੇ ਅਨੁਵਾਦ ''ਠੋਕਰ'' ਦੇ ''ਠੇਡਾ ਲੱਗਣ ਦਾ ਕਾਰਣ'' ਹੋਣ ਸਣੇ ਕਈ ਅਰਥ ਹੋ ਸਕਦੇ ਹਨ। ਇਸ ਪੈਰ੍ਹੇ ਵਿਚ ਦਿੱਤੀਆਂ ਆਇਤਾਂ ਦਾ ਅੰਗ੍ਰੇਜ਼ੀ ਅਨੁਵਾਦ NASB ਪੜ੍ਹੋ। ਚਰਚਾ ਲਈ ਮੈਂ ''ਗੁੱਸਾ ਦੁਆਉਣਾ ਜਾਂ ਨਰਾਜ਼ ਕਰਨਾ'' ਸਣੇ *ਸਾਰੇ* ਸੰਭਾਵਿਤ ਅਰਥ ਮਿਲਾ ਰਿਹਾ ਹਾਂ। [2]ਇਸ ਕਥਨ ਨੂੰ ਜ਼ਬੂਰ 37:1, 2 ਨਾਲ ਮਿਲਾਓ। [3]ਮੱਤੀ 23:16, 17, 19 ਪੜ੍ਹੋ। [4]ਇਸ ਪੈਰ੍ਹੇ ਵਿਚ ਸਿੱਖਿਆ ਹੈ ਕਿ ਝੂਠੀ ਸਿੱਖਿਆ ਦੇਣ ਵਾਲਿਆਂ ਨੂੰ ਮੰਨਣ ਵਾਲੇ ਵੀ ਓਨੇ ਹੀ ਜ਼ਿੰਮੇਵਾਰ ਹਨ, ਜਿੰਨੇ ਝੂਠੀ ਸਿੱਖਿਆ ਦੇਣ ਵਾਲੇ।

# ਯਿਸੂ ਦੇ ਲਿਮਿਟਡ ਕਮਿਸ਼ਨ ਤੇ ਨੋਟਸ

**ਮੱਤੀ 10:9, 10:** ''ਨਾ ਸੋਨਾ, ਨਾ ਚਾਂਦੀ, ਨਾ ਤਾਂਬਾ ਆਪਣੇ *ਕਮਰਕੱਸੇ* ਵਿਚ ਲਓ ਅਤੇ ਨਾ ਰਾਹ ਲਈ *ਝੋਲਾ*।'' ''ਕਮਰਕੱਸਾ'' ਸ਼ਬਦ ਲੱਕ ਦੁਆਲੇ ਬੰਨ੍ਹੀ ਜਾਣ ਵਾਲੀ ਚਮੜੇ ਜਾਂ ਕੱਪੜੇ ਦੀ ''ਪੇਟੀ'' ਲਈ ਯੂਨਾਨੀ ਭਾਸ਼ਾ ਤੋਂ ਅਨੁਵਾਦ ਕੀਤਾ ਗਿਆ ਹੈ। ਕਈ ਵਾਰ ਸਫ਼ਰ ਦੌਰਾਨ ਪੈਸਾ ਇਨ੍ਹਾਂ ਕਮਰਕੱਸਿਆਂ ਵਿਚ ਲੁਕਾਇਆ ਜਾਂਦਾ ਸੀ (ਵੇਖੋ ਮਰਕੁਸ 6:8)। ਸੋ ਇਸ ਤੋਂ ''ਕਮਰਕੱਸੇ'' ਦਾ ਮਤਲਬ ਪਤਾ ਲਗ ਜਾਂਦਾ ਹੈ। ''ਝੋਲਾ'' ਮੋਢੇ ਤੇ ਟੰਗਣ ਵਾਲੇ ਥੈਲੇ ਨੂੰ ਆਖਦੇ ਸਨ, ਜਿਸ ਵਿਚ ਸਫ਼ਰ ਵਿਚ ਕੰਮ ਆਉਣ ਵਾਲਾ ਸਮਾਨ ਰੱਖਿਆ ਜਾਂਦਾ ਸੀ। ਇਸ ਨੂੰ ਬਿਸਤਰਬੰਦ ਜਾਂ ਪਿੱਠੂ ਬੈਗ ਨਾਲ ਮਿਲਾਇਆ ਜਾ ਸਕਦਾ ਹੈ। ਰਸੂਲਾਂ ਨੇ ਆਪਣੇ ਕੋਲ ਕੋਈ ਸਮਾਨ ਨਹੀਂ ਰੱਖਣਾ ਸੀ, ਇਸ ਕਰਕੇ ਉਨ੍ਹਾਂ ਨੂੰ ਅਜਿਹੇ ਥੈਲਿਆਂ ਦੀ ਲੋੜ ਨਹੀਂ ਹੋਣੀ ਸੀ।

**ਮਰਕੁਸ 6:10:** ਯਿਸੂ ਨੇ ਆਖਿਆ, ''ਜਿਸ ਨਗਰ ਜਾਂ ਪਿੰਡ ਵਿੱਚ ਵੜੋ ਪੁੱਛੋ ਭਈ ਇੱਥੇ ਲਾਇਕ ਕੌਣ ਹੈ ਅਤੇ ਜਿੰਨਾਂ ਚਿਰ ਨਾ ਤੁਰੋ *ਉੱਥੇ ਹੀ ਟਿਕੋ''* (ਵੇਖੋ ਮੱਤੀ 10:11; ਲੂਕਾ 9:4)। ਕਿਸੇ ਦੇ ਘਰ ਵੜਨ ਅਤੇ ਬਾਹਰ ਨਿਕਲਣ ਵੇਲੇ ਹੋਣ ਵਾਲੀ ਰਸਮ ਆਮ ਤੌਰ ਤੇ ਕਾਫ਼ੀ ਦੇਰ ਚੱਲਦੀ ਸੀ (ਵੇਖੋ ਲੂਕਾ 7:44–46)। ਹਰ ਸ਼ਹਿਰ ਵਿਚ ਇਕ ਤੋਂ ਵੱਧ ਘਰਾਂ ਵਿਚ ਠਹਿਰਣ ਦਾ ਮਤਲਬ ਰਸੂਲਾਂ ਦੇ ਕੰਮ ਦਾ ਸਮਾਂ ਉਸੇ ਵਿਚ ਖਰਾਬ ਕਰਨਾ ਸੀ।

**ਮੱਤੀ 10:12, 13:** ''ਅਰ ਘਰ ਵਿਚ ਵੜਦਿਆਂ ਉਹ ਦੀ *ਸੁੱਖ* ਮੰਗੋ। ਅਤੇ ਜੇ ਘਰ ਲਾਇਕ ਹੋਵੇ ਤਾਂ *ਤੁਹਾਡੀ ਸ਼ਾਂਤੀ ਉਹ ਨੂੰ ਪਹੁੰਚੇ* ਪਰ ਜੇ ਲਾਇਕ ਨਾ ਹੋਵੇ ਤਾਂ ਤੁਹਾਡੀ ਸ਼ਾਂਤੀ ਤੁਹਾਨੂੰ ਮੁੜ ਆਵੇ'' (ਵੇਖੋ ਆਇਤਾਂ 14, 15)। ਕਿਸੇ ਘਰ ਵਿਚ ਦਾਖ਼ਲ ਹੋਣ ਤੇ ਆਮ ਤੌਰ ਤੇ ਸੁੱਖਸਾਂਦ ਕਹਿਣ ਲਈ ''ਇਸ ਘਰ ਦੀ ਸਲਾਮਤੀ ਹੋਵੇ'' ਨਾਲ ਹੀ ਸਲਾਮ ਆਖਿਆ ਜਾਂਦਾ ਸੀ। ਪਰ ਜੇ ਘਰ ਦੇ ਲੋਕ ਰਸੂਲਾਂ ਦੇ ਸੰਦੇਸ਼ ਨੂੰ ਠੁਕਰਾ ਦਿੰਦੇ ਤਾਂ ਇਹਦਾ ਮਤਲਬ ਇਹ ਸੀ ਕਿ ਉਨ੍ਹਾਂ ਨੇ ਉਸ ਸਲਾਮ ਵਿਚ ਦਿੱਤੀ ''ਸਲਾਮਤੀ'' ਕਬੂਲੀ ਨਹੀਂ ਸੀ (ਵੇਖੋ ਆਇਤਾਂ 14, 15)।

**ਮੱਤੀ 10:14:** ''ਅਤੇ ਜੋ ਕੋਈ ਤੁਹਾਨੂੰ ਕਬੂਲ ਨਾ ਕਰੇ, ਨਾ ਤੁਹਾਡੀਆਂ ਗੱਲਾਂ ਸੁਣੇ ਤਾਂ ਤੁਸੀਂ ਉਸ ਘਰ ਅਥਵਾ ਨਗਰ ਤੋਂ ਬਾਹਰ ਨਿੱਕਲ ਕੇ *ਆਪਣੇ ਪੈਰਾਂ ਦੀ ਧੂੜ ਝਾੜ ਸੁੱਟੋ''* (ਵੇਖੋ ਮਰਕੁਸ 6:11; ਲੂਕਾ 9:5)। ਯਹੂਦੀਆਂ ਦਾ ਮੰਨਣਾ ਸੀ ਕਿ ਬੇਵਿਸ਼ਵਾਸੇ ਗੈਰ ਯਹੂਦੀਆਂ ਵੱਲੋਂ ਛੂਹੀ ਗਈ ਕੋਈ ਵੀ ਚੀਜ਼ ਅਸ਼ੁੱਧ ਹੋ ਜਾਂਦੀ ਹੈ। ਇਸ ਕਰਕੇ ਕਿਸੇ ਗੈਰਕੌਮ ਦੇਸ਼ ਵਿਚ ਜਾ ਕੇ ਆਉਣ ਦੇ ਬਾਅਦ ਫ਼ਲਿਸਤੀਨ ਵਿਚ ਪਰਤ ਕੇ ਉਹ ਗੈਰਕੌਮਾਂ ਦੀ ਅਸ਼ੁੱਧਤਾ ਨਾਲ ਭਰੀ ਧੂੜ ਆਪਣੇ ਪੈਰਾਂ ਤੋਂ ਝਾੜ ਦਿੰਦੇ ਸਨ। ਯਿਸੂ ਵੱਲੋਂ ਸੰਕੇਤਕ ਕਾਰਜ ਕਰਨ ਦਾ ਹੁਕਮ ਇਸ ਗੱਲ ਦਾ ਸੰਕੇਤ ਸੀ ਕਿ ਯਕੀਨ ਨਾ ਕਰਨ ਵਾਲੇ ਯਹੂਦੀ ਬੇਪਰਤੀਤੇ ਗੈਰਕੌਮਾਂ ਨਾਲੋਂ ਬੇਹਤਰ ਨਹੀਂ ਸਨ।

**ਮੱਤੀ 10:17:** ''... ਮਨੁੱਖਾਂ ਤੋਂ ਚੌਕਸ ਰਹੋ ਕਿਉਂ ਜੋ ਉਹ ... ਤੁਹਾਨੂੰ *ਆਪਣੀਆਂ ਸਮਾਜਾਂ ਵਿਚ ਕੋਰੜੇ ਮਾਰਨਗੇ''* ਸਮਾਜਾਂ ਵਿਚ ਤਾੜਨਾ ਦੀ ਇੰਤਹਾ ਕੋਰੜੇ ਮਾਰਨਾ (ਕੁੱਟਣਾ, ਚਾਬੁਕ ਮਾਰਨਾ) ਹੁੰਦਾ ਸੀ। ਇਹ ਕੰਮ ''ਸਹਾਇਕ'' ਰਾਹੀਂ ਕੀਤਾ ਜਾਂਦਾ ਸੀ। (ਇਸ ਕਿਤਾਬ ਵਿਚ ''ਕੀ ਤੈਨੂੰ ਨਿਹਚਾ ਹੈ?'' ਅਤੇ ''ਠੁਕਰਾਏ ਜਾਣ ਨਾਲ ਕਿਵੇਂ ਨਜਿੱਠੀਏ'' ਪਾਠਾਂ ਵਿਚ ਸਿਨਾਗੋਗ ਦੇ ਸਹਾਇਕਾਂ ਦੇ ਨੋਟਸ ਵੇਖੋ)।

**ਮੱਤੀ 10:23:** ''... ਤੁਸੀਂ ਇਸਰਾਏਲ ਦਿਆਂ ਸਾਰਿਆਂ ਨਗਰਾਂ ਵਿਚ ਨਾ ਫਿਰ ਲਵੋਗੇ *ਕਿ ਮਨੁੱਖ ਦਾ ਪੁੱਤਰ ਆ ਜਾਵੇ।''* ਇਸ ਨੂੰ ''ਇਸ ਅਧਿਆਇ ਦੀ ਸਭ ਤੋਂ ਮੁਸ਼ਕਿਲ ਆਇਤ''[1] ਮੁੱਖ

ਤੌਰ ਤੇ ਇਸ ਕਰਕੇ ਮੰਨਿਆ ਜਾਂਦਾ ਹੈ ਕਿਉਂਕਿ ਇਸ ਵਿਚ ਸਾਨੂੰ ''ਆ ਜਾਵੇ'' ਦਾ ਮਤਲਬ ਪਤਾ ਨਹੀਂ ਹੈ। ''ਆ'' ਸ਼ਬਦ 70 ਈਸਵੀ ਵਿਚ ਯਰੂਸ਼ਲਮ ਦੀ ਬਰਬਾਦੀ ਵੇਲੇ ਪ੍ਰਭੂ ਦੇ ਯਹੂਦੀਆਂ ਦਾ ਨਿਆਂ ਕਰਨ ਲਈ ਆਉਣਾ ਹੋ ਸਕਦਾ ਹੈ; ਇਸ ਨਾਲ ਇਸ ਆਇਤ ਦਾ ਸਬੰਧ ਆਇਤ 15 ਨਾਲ ਜੁੜ ਜਾਵੇਗਾ। ਇਹ ਹੋ ਸਕਦਾ ਹੈ ਕਿ ਇਸ ਆਇਤ ਦਾ ਅਰਥ ਸਿਰਫ਼ ਇਹੀ ਹੈ ਕਿ ਯਿਸੂ ਉਨ੍ਹਾਂ ਦੇ ਮਗਰੇ ਉਨ੍ਹਾਂ ਹੀ ਸ਼ਹਿਰਾਂ ਵਿਚ ਆ ਰਿਹਾ ਸੀ (ਵੇਖੋ ਮੱਤੀ 11:1)।[2]

**ਮੱਤੀ 10:25:** ''ਜਾਂ ਉਨ੍ਹਾਂ *ਘਰ ਦੇ ਮਾਲਕ ਨੂੰ ਬਾਲਜ਼ਬੂਲ ਆਖਿਆ* ...'' ਇਹ ਫ਼ਰੀਸੀਆਂ ਵੱਲੋਂ ਲਾਏ ਗਏ ਕੁਫ਼ਰ ਭਰੇ ਇਲਜ਼ਾਮਾਂ ਦੀ ਗੱਲ ਸੀ ਕਿ ਯਿਸੂ ਸ਼ੈਤਾਨ ਦੀ ਮਦਦ ਨਾਲ ਭੂਤਾਂ ਨੂੰ ਕੱਢਦਾ ਹੈ। (*ਮਸੀਹ ਦੀ ਜ਼ਿੰਦਗੀ, 2* ਕਿਤਾਬ ਵਿਚ ''ਇਕ ਮਸਰੂਫ਼ ਦਿਨ'' ਪਾਠ ਵਿਚ ਇਸ ਇਲਜ਼ਾਮ ਤੇ ਟਿੱਪਣੀਆਂ ਅਤੇ ਯਿਸੂ ਦੇ ਜਵਾਬ ਵੇਖੋ)।

**ਮੱਤੀ 10:26:** ''ਸੋ ਤੁਸੀਂ ਉਨ੍ਹਾਂ ਤੋਂ *[ਜਿਹੜੇ ਤੁਹਾਨੂੰ ਸਤਾਉਂਦੇ ਹਨ]* ਨਾ ਡਰੋ। *ਕਿਉਂਕਿ ਕੋਈ ਚੀਜ਼ ਲੁਕੀ ਨਹੀਂ ਹੈ* ਜਿਹੜੀ ਪਰਗਟ ਕੀਤੀ ਜਾਵੇਗੀ, ਨਾ ਕੋਈ ਗੁਪਤ ਹੈ ਜੋ ਜਾਣਿਆ ਨਾ ਜਾਵੇਗਾ।'' ''ਲੁਕੀ'' ''ਗੁਪਤ'' ਕਹਿ ਕੇ ਯਿਸੂ ਉਸ ਨੂੰ, ਉਸ ਦੇ ਰਸੂਲਾਂ ਨੂੰ ਅਤੇ ਉਨ੍ਹਾਂ ਦੇ ਕੰਮ ਨੂੰ ਖ਼ਤਮ ਕਰਨ ਦੀਆਂ ਆਪਣੇ ਦੁਸ਼ਮਣਾਂ ਦੀਆਂ ਸਾਜ਼ਿਸ਼ਾਂ ਦੀ ਗੱਲ ਕਰ ਰਿਹਾ ਹੋਵੇਗਾ। ਦ ਲਿਵਿੰਗ ਬਾਈਬਲ ਦਾ ਅਨੁਵਾਦ ਹੈ, ''ਉਨ੍ਹਾਂ ਦੀਆਂ ਗੁਪਤ ਸਾਜ਼ਿਸ਼ਾਂ ਸਾਹਮਣੇ ਆ ਜਾਣਗੀਆਂ।'' ਇਹ ਵਾਅਦਾ ਪੂਰਾ ਹੋ ਗਿਆ ਸੀ; ਅੱਜ ਸਾਨੂੰ ਨਵੇਂ ਨੇਮ ਦੇ ਸਫ਼ਿਆਂ ਵਿਚ ਉਨ੍ਹਾਂ ਸ਼ੈਤਾਨੀ ਚਾਲਾਂ ਬਾਰੇ ਪੜ੍ਹਨ ਨੂੰ ਮਿਲਦਾ ਹੈ।

**ਮੱਤੀ 10:41, 42:** ''ਜੋ ਕੋਈ ਇਨ੍ਹਾਂ ਛੋਟਿਆਂ ਵਿੱਚੋਂ ਇਕ ਨੂੰ ਚੇਲੇ ਦੇ ਨਾਉਂ ਉੱਤੇ ਨਿਰਾ ਇਕ ਕਟੋਰਾ ਠੰਢੇ ਪਾਣੀ ਦਾ ਪਿਆਵੇ ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਆਪਣਾ ਫਲ ਕਦੀ ਨਾ ਗੁਆਵੇਗਾ। ਜਿਹੜਾ ਨਬੀ ਦੇ ਨਾਮ ਉੱਤੇ ਨਬੀ ਨੂੰ ਕਬੂਲ ਕਰੇ ਉਹ ਫਲ ਪਾਵੇਗਾ *ਜਿਹੜਾ ਧਰਮੀ ਦੇ ਨਾਂਅ ਉੱਤੇ ਧਰਮੀ ਨੂੰ ਕਬੂਲ ਕਰੇ ਉਹ ਧਰਮੀ ਦਾ ਫਲ ਪਾਵੇਗਾ।* ਜੋ ਕੋਈ *ਇਨ੍ਹਾਂ ਛੋਟਿਆਂ ਵਿੱਚੋਂ ਇਕ ਨੂੰ* ਚੇਲੇ ਦੇ ਨਾਮ ਉੱਤੇ *ਇਕ ਕਟੋਰਾ ਠੰਡੇ ਪਾਣੀ ਦਾ ਪਿਆਵੇ ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਉਹ ਆਪਣਾ ਫਲ ਕਦੇ ਨਾ ਗੁਆਵੇਗਾ।''* ਪਹਿਲਾਂ ਯਿਸੂ ਨੇ ਵਾਅਦਾ ਕੀਤਾ ਸੀ ਕਿ ਜੋ ਲੋਕ ਰਸੂਲਾਂ ਨੂੰ ਠੁਕਰਾਉਣਗੇ ਉਹ ਸਰਾਪੇ ਜਾਣਗੇ (ਆਇਤਾਂ 14, 15); ਇੱਥੇ ਉਸ ਨੇ ਵਾਅਦਾ ਕੀਤਾ ਕਿ ਜਿਹੜਾ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਸੰਦੇਸ਼ ਨੂੰ ਕਬੂਲ ਕਰੇ ਉਹ ਬਰਕਤ ਪਾਵੇਗਾ। ਸੰਦਰਭ ਵਿਚ ''ਇਨ੍ਹਾਂ ਛੋਟਿਆਂ ਵਿੱਚੋਂ ਇਕ ਨੂੰ'' ਰਸੂਲਾਂ ਲਈ ਹੀ ਕਿਹਾ ਗਿਆ ਹੋਵੇਗਾ। ਇਹ ਸਮਝਣਾ ਜ਼ਰੂਰੀ ਹੈ ਕਿ ਇੱਥੇ ਬਚਾਏ ਜਾਣ ਦੀ ਸਿਰਫ਼ ਇੱਕੋ ਗੱਲ ਭਾਵ ਪਾਣੀ ਦਾ ਕਟੋਰਾ ਦੇ ਕੇ ਰਸੂਲਾਂ ਨੂੰ ਕਬੂਲ ਕਰਨ ਨੂੰ ਵਿਖਾਉਣ ਉੱਤੇ ਵਿਚਾਰ ਕੀਤਾ ਗਿਆ ਸੀ। ਸਿੱਖਿਆ ਇਹ ਨਹੀਂ ਹੈ ਕਿ ਕਿਸੇ ਇਕ ਕੰਮ (ਜਿਵੇਂ ਪਾਣੀ ਪਿਆਉਣ) ਨਾਲ ਬਚਾਇਆ ਜਾਣਾ ਪੱਕਾ ਹੋਵੇਗਾ। ਬਲਕਿ ਇਹ ਹੈ ਕਿ ਹਰ ਗੱਲ ਦਾ ਮਹੱਤਵ ਹੈ, ਭਾਵ ਚੇਲਿਆਂ ਨੂੰ ਕਬੂਲ ਕਰਨ ਵਾਲੇ ਲੋਕ ਹੀ ਬਚਾਏ ਜਾਣਗੇ।[3]

**ਮਰਕੁਸ 6:12, 13:** ''ਤਾਂ ਉਹ ਬਾਹਰ ਜਾ ਕੇ ਪ੍ਰਚਾਰ ਕਰਨ ਲੱਗੇ। ... ਅਤੇ ਬਹੁਤ ਸਾਰਿਆਂ ਰੋਗੀਆਂ ਤੇ *ਤੇਲ ਮਲ ਕੇ* ਉਨ੍ਹਾਂ ਨੂੰ ਚੰਗਾ ਕੀਤਾ।'' ਚੰਗਿਆਈ ਦੇ ਸਬੰਧ ਵਿਚ ''ਤੇਲ ਮਲ ਕੇ'' (ਵੇਖੋ ਯਾਕੂਬ 5:14) ਕੁਝ ਭੇਤ ਵਾਲੀ ਗੱਲ ਹੈ। ਕਿਸੇ ਤੇ ਤੇਲ ਮਲਣ ਦੇ ਬੁਨਿਆਦੀ ਤੌਰ ਤੇ ਤਿੰਨ ਕਾਰਣ ਹੁੰਦੇ ਸਨ: (1) ਇਸ ਦਾ ਰਵਾਇਤੀ ਮਕਸਦ ਸੀ– ਸਮਾਰੋਹ ਦੇ ਰੂਪ ਵਿਚ (ਵੇਖੋ ਕੂਚ 30:25, 26, 30; 1 ਸਮੂਏਲ 9:16; 15:1; 16:13)। (2) ਇਸ ਦਾ ਵਿਹਾਰਕ ਮਕਸਦ ਸੀ– ਆਪਣੀ ਸਿਹਤ ਲਈ (ਵੇਖੋ ਰੂਤ 3:3; 2 ਸਮੂਏਲ 14:2)। ਇਸ ਸਬੰਧ ਵਿਚ ਕਿਸ ਦੂਜੇ ਦੇ ਸਿਰ ਤੇ ਤੇਲ ਮਲਣਾ ਉਸ ਨੂੰ ਤਾਜ਼ਗੀ ਦੇਣ ਵਾਲਾ ਹੁੰਦਾ ਸੀ (ਵੇਖੋ ਲੂਕਾ 7:46; ਇਬਰਾਨੀਆਂ 1:9)। (3) ਇਸ ਦਾ ਡਾਕਟਰੀ ਮਕਸਦ ਸੀ– ਜਿਵੇਂ ਜ਼ਖ਼ਮਾਂ ਦੇ ਇਲਾਜ ਵਿਚ (ਵੇਖੋ ਯਸਾਯਾਹ 1:6;

ਲੂਕਾ 10:34); ਤੇਲ ਮਲਣ ਨਾਲ ਜ਼ਖ਼ਮ ਨਰਮ ਹੋ ਕੇ ਸੁਰੱਖਿਅਤ ਹੋ ਜਾਂਦਾ ਸੀ। ਚੰਗਿਆਈ ਦੇਣ ਤੋਂ ਪਹਿਲਾਂ ਰਸੂਲਾਂ ਨੇ ਜਦ ਲੋਕਾਂ ਨੂੰ ਤੇਲ ਮਲਿਆ ਤਾਂ ਉਹ ਇਕ ਖ਼ਾਸ ਸਮਾਰੋਹ ਵਿਚ ਅਜਿਹਾ ਕਰ ਰਹੇ ਸਨ? ਭਲਾ ਉਹ ਵਾਧੂ ਤਾਜ਼ਗੀ ਦਾ ਸਪੱਰਸ਼ ਵਿਖਾ ਰਹੇ ਸਨ? ਭਲਾ ਇਹ ਦਵਾਈ ਦੇ ਰੂਪ ਵਿਚ ਹੋ ਸਕਦਾ ਹੈ?[4] ਇਹਦਾ ਕੋਈ ਇਤਿਹਾਸ ਨਹੀਂ ਹੈ ਕਿ ਯਿਸੂ ਨੇ ਕਦੇ ਕਿਸੇ ਨੂੰ ਚੰਗਿਆਈ ਦੇਣ ਲਈ ਉਸ ਉੱਤੇ ਤੇਲ ਮਲਿਆ ਹੋਵੇ, ਹੋ ਸਕਦਾ ਹੈ ਕਿ ਇਹ ਪ੍ਰਕਿਰਿਆ ਦਾ ਜ਼ਰੂਰੀ ਹਿੱਸਾ ਨਾ ਹੋਵੇ। ਮਸੀਹ ਕਈ ਵਾਰ ਚੰਗਿਆਈ ਦੇ ਸਬੰਧ ਵਿਚ ਸੰਕੇਤਕ ਕਾਰਜ ਕਰਦਾ ਸੀ, ਜਿਵੇਂ ਦੁਖੀ ਆਦਮੀ ਨੂੰ ਛੁਹਣਾ ਅਤੇ ਉਸ ਦੀਆਂ ਅੱਖਾਂ ਉੱਤੇ ਲੇਪ ਲਾਉਣਾ, ਜਾਂ ਅਜਿਹੇ ਹੋਰ ਕੰਮ ਜਿਨ੍ਹਾਂ ਦਾ ਮਕਸਦ ਚੰਗਿਆਈ ਤੋ ਬਿਨਾਂ ਹੋਰ ਕੋਈ ਨਹੀਂ ਹੁੰਦਾ ਸੀ। ਰਸੂਲਾਂ ਦਾ ਤੇਲ ਮਲਣਾ ਸੰਭਵ ਤੌਰ ਤੇ ਇਸੇ ਵਰਗ ਵਿਚ ਆਉਂਦਾ ਹੈ।

---

ਟਿੱਪਣੀਆਂ

[1]ਵਿਲ ਐਡ ਵਾਰੇਨ, ਕਲਾਸ ਸਿਲੇਬਸ, *ਦ ਲਾਈਫ਼ ਆਫ਼ ਕ੍ਰਾਈਸਟ: ਦ ਸਿਨੋਪਟੀਕਲ ਗੌਸਪਲਜ਼* ਹਾਰਡਿੰਗ ਯੂਨੀਵਰਸਿਟੀ, 1991, 41. [2]ਕਈ ਲੋਕ ਇਸ ਨੂੰ ਇਹ ਵਾਅਦਾ ਮੰਨਦੇ ਹਨ ਕਿ ਯਹੂਦੀਆ ਵਿਚ ਯਿਸੂ ਦੇ ਦੁਬਾਰਾ ਆਉਣ ਤਕ ਇੰਜੀਲ ਸੁਣਾਈ ਜਾਂਦੀ ਰਹੇਗੀ। ਅਜਿਹਾ ਸਕਾਰਾਤਮਕ ਵਾਅਦਾ ਸੰਦਰਭ ਨਾਲ ਮੇਲ ਖਾਂਦਾ ਨਹੀਂ ਲਗਦਾ। [3]ਇਹ ਸਮਝਣਾ ਜ਼ਰੂਰੀ ਹੈ ਕਿ ਸਾਡਾ ਬਚਾਇਆ ਜਾਣਾ ਖ਼ੁਦਾ ਦੀ ਕਿਰਪਾ ਨਾਲ ਹੋਇਆ ਹੈ (ਅਫ਼ਸੀਆਂ 2:8, 9)। [4]ਅਜਿਹਾ ਲਗਦਾ ਨਹੀਂ ਹੈ ਕਿਉਂਕਿ ਰਸੂਲ ਲੋਕਾਂ ਨੂੰ ਮੋਅਜਜ਼ਿਆਂ ਦੇ ਰਾਹੀਂ ਚੰਗਿਆਈ ਦਿੰਦੇ ਸਨ, ਪਰ ਇਹ ਸੰਭਾਵਨਾ ਦੇ ਖੇਤਰ ਤੋਂ ਪਰੇ ਨਹੀਂ ਹੈ। ਅੱਜ ਵਾਂਗ ਹੀ ਇਹ ਉਦੋਂ ਵੀ ਸੱਚ ਸੀ ਕਿ ਖ਼ੁਦਾ ਸਾਡੇ ਲਈ ਉਹ ਕੰਮ ਨਹੀਂ ਕਰਦਾ ਜਿਹੜਾ ਅਸੀਂ ਆਪਣੇ ਲਈ ਆਪ ਕਰ ਸਕਦੇ ਹਾਂ।